# ਛੋਟੇ ਬੱਚਿਆਂ ਲਈ ਹੀਮੋਫੀਲਸ ਟਾਈਪ ਬੀ (Haemophilus type B - Hib) ਦੇ ਟੀਕੇ

ਦਵਾਈਆਂ (ਜਾਂ ਟੀਕੇ ਜਾਂ ਬੱਚਿਆਂ ਦੇ ਟੀਕੇ) ਬੱਚਿਆਂ ਨੂੰ ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਸਭ ਤੋਂ ਵੱਧ ਜ਼ਰੂਰੀ ਹਨ। ਕੈਨੇਡੀਅਨ ਪੀਡੀਐਟਰਿਕ ਸੋਸਾਇਟੀ (Canadian Paediatric Society) ਅਤੇ ਨੈਸ਼ਨਲ ਐਡਵਾਈਜ਼ਰੀ ਕਮੇਟੀ (National Advisory Committee on Immunization) ਇਹ ਬਹੁਤ ਜ਼ਰੂਰੀ ਸਮਝਦੀਆਂ ਹਨ ਕਿ ਬਿਮਾਰੀਆਂ ਦੀ ਰੋਕਥਾਮ ਲਈ ਇਹ ਟੀਕੇ ਨਿਯਮ ਨਾਲ ਬੱਚਿਆਂ ਨੂੰ ਲਗਾਉਣੇ ਚਾਹੀਦੇ ਹਨ।

ਇਹ ਟੀਕੇ ਬੱਚਿਆਂ ਦਾ ਗੰਭੀਰ ਬਿਮਾਰੀਆਂ ਜਿਵੇਂ ਮੈਨਿਨਜਾਇਟਿਸ ਜੋ ਐਚ ਆਈ ਬੀ (Haemophilus, influenza type b) ਰੋਗਾਣੂਆਂ ਤੋਂ ਹੁੰਦੇ ਹਨ, ਤੋਂ ਬਚਾਓ ਕਰਦੇ ਹਨ। ਇਸ ਟੀਕੇ ਨੂੰ ਪੰਜ ਸਾਲ ਦੀ ਉਮਰ ਤੋਂ ਛੋਟੇ ਬੱਚਿਆਂ ਅਤੇ ਬਾਲਾਂ ਨੂੰ ਲਗਵਾਉਣਾ ਚਾਹੀਦਾ ਹੈ।

## ਹੀਮੋਫੀਲੱਸ ਇਨਫਲੂਐਨਜ਼ਾ ਟਾਈਪ ਬੀ (Hib) ਕਿਸ ਨੂੰ ਆਖਦੇ ਹਨ?

ਭਾਵੇਂ ਇਨਫਲੂਐਨਜ਼ਾ (ਫਲੂ) ਇਸ ਬਿਮਾਰੀ ਦੇ ਨਾਮ ਵਿਚ ਹੈ, ਪਰ ਐਚ ਆਈ ਬੀ (Hib) ਦੇ ਰੋਗਾਣੂ ਨਾਲ ਇਨਫਲੂਐਨਜ਼ਾ ਨਹੀਂ ਹੁੰਦਾ। ਐਚ ਆਈ ਬੀ ਦੀ (Hib) ਬਿਮਾਰੀ ਬਹੁਤ ਗੰਭੀਰ ਹੈ।

ਐਚ ਆਈ ਬੀ (Hib) ਬੱਚਿਆਂ ਵਿਚ ਰੋਗ ਸੰਚਾਰ ਦਾ ਇਕ ਆਮ ਕਾਰਨ ਹੁੰਦਾ ਸੀ। ਦੋ ਮਹੀਨੇ ਤੋਂ ਪੰਜ ਸਾਲ ਦੀ ਉਮਰ ਦੇ ਬੱਚਿਆਂ ਵਿਚ "ਬੈਕਟੀਰੀਅਲ ਮੈਨਿਨਜਾਇਟਿਸ" (bacterial meningitis) ਐਚ ਆਈ ਬੀ (Hib) ਜੀਵਾਣੂ ਤੋਂ ਹੋ ਜਾਂਦਾ ਸੀ। ਮੈਨਿਨਜਾਇਟਿਸ, ਰੀੜ ਦੀ ਹੱਡੀ ਤੇ ਵਿੱਛੀ ਤਹਿ ਅਤੇ ਤਰਲ ਨੂੰ ਹੋ ਜਾਣ ਵਾਲੀ ਗੰਭੀਰ ਛੂਤ ਦੀ ਬਿਮਾਰੀ ਹੈ। ਮੈਨਿਨਜਾਇਟਿਸ ਨਾਲ ਦਿਮਾਗ ਨੂੰ ਨੁਕਸਾਨ ਪਹੁੰਚ ਸਕਦਾ ਹੈ, ਬੱਚੇ ਦੇ ਵਿਕਾਸ ਅਤੇ ਸਿਖਿਆ ਵਿਚ ਸਮੱਸਿਆਵਾਂ ਆ ਸਕਦੀਆਂ ਹਨ, ਬੋਲਾਪਨ ਅਤੇ ਅੱਨ੍ਹਾਪਨ ਵੀ ਹੋ ਸਕਦਾ ਹੈ। ਇਸ ਬਿਮਾਰੀ ਦੇ ਸ਼ਿਕਾਰ ੨੦ ਬੱਚਿਆਂ ਵਿਚੋਂ ਕਰੀਬਨ ਇਕ ਬੱਚੇ ਦੀ ਮੌਤ ਹੋ ਜਾਂਦੀ ਹੈ ਅਤੇ ੧੫ ਪ੍ਰਤੀਸ਼ਤ ਨੂੰ ਗੰਭੀਰ ਅਯੋਗਤਾ (ਜਿਵੇਂ ਨਸਾਂ ਦਾ ਨਸ਼ਟ ਹੋ ਜਾਣਾ, ਬੋਲਾਪਨ) ਹੋ ਸਕਦੀ ਹੈ।

ਐਚ ਆਈ ਬੀ (Hib) ਰੋਗਾਣੂ ਗਲੇ ਵਿਚ ਆਵਾਜ਼ ਨਾਲ ਸੰਬਧਿਤ ਅੰਗਾਂ ਤੇ ਬਹੁਤ ਬੁਰਾ ਅਸਰ ਕਰਦੇ ਹਨ। ਇਸ ਰੋਗ ਸੰਚਾਰ ਨੂੰ "ਐਪਿਗਲੋਟਾਇਟਸ" (epiglottitis) ਆਖਦੇ ਹਨ। ਇਸ ਨਾਲ ਬੱਚੇ ਨੂੰ ਸਾਹ ਲੈਣ ਵਿਚ ਤਕਲੀਫ ਹੋ ਜਾਂਦੀ ਹੈ। ਐਚ ਆਈ ਬੀ (Hib) ਦੇ ਰੋਗਾਣੂਆਂ ਨਾਲ ਫੇਫੜਿਆਂ ਵਿਚ ਛੂਤ ਨਾਲ ਨਮੂਨੀਆ (pneumonia) ਹੋ ਜਾਂਦਾ ਹੈ ਅਤੇ ਹੱਡੀਆਂ ਅਤੇ ਜੋੜਾਂ ਤੇ ਵੀ ਬੁਰਾ ਅਸਰ ਪੈਂਦਾ ਹੈ।

ਐਚ ਆਈ ਬੀ (Hib) ਦੀ ਛੂਤ ਦਾ ਖਤਰਾ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਭ ਤੋਂ ਜ਼ਿਆਦਾ ਹੁੰਦਾ ਹੈ। ਉਹ ਬੱਚੇ, ਜੋ ਬੱਚਿਆਂ ਦੀ ਦੇਖਭਾਲ ਦੇ ਕੇਂਦਰਾਂ ਵਿਚ ਜਾਂਦੇ ਹਨ, ਉਨ੍ਹਾਂ ਨੂੰ ਇਸ ਦੀ ਛੂਤ ਹੋਣ ਦਾ ਜ਼ਿਆਦਾ ਖਤਰਾ ਹੈ। ਐਚ ਆਈ ਬੀ (Hib) ਦੇ ਰੋਗਾਣੂ ਖੰਘ ਜਾਂ ਛਿੱਕਾਂ ਦੇ ਰਾਹੀ ਇਕ ਵਿਅਕਤੀ ਤੋਂ ਦੂਜੇ ਨੂੰ ਪਹੁੰਚ ਸਕਦੇ ਹਨ।

## ਐਚ ਆਈ ਬੀ (Hib) ਦੀ ਦਵਾਈ ਨਾਲ ਮੇਰੇ ਬੱਚੇ ਦਾ ਕਿਸ ਹੱਦ ਤਕ ਬਚਾਓ ਹੁੰਦਾ ਹੈ?

ਜਦੋਂ ਬੱਚਿਆਂ ਨੂੰ ਐਚ ਆਈ ਬੀ (Hib) ਦੀ ਦਵਾਈ ਦਾ ਟੀਕਾ ਦਸੀ ਗਈ ਮਾਤਰਾ ਅਨੁਸਾਰ ਲਗਦਾ ਹੈ ਤਾਂ ਇਹ ੯੫% ਬੱਚਿਆਂ ਦਾ ਐਚ ਆਈ ਬੀ (Hib) ਵਰਗੀਆਂ ਗੰਭੀਰ ਛੂਤ ਦੀਆਂ ਬਿਮਾਰੀਆਂ ਤੋਂ ਬਚਾਓ ਕਰਦੇ ਹਨ। ਜੇਕਰ ਮੈਨਿਨਜਾਇਟਿਸ ਦੀ ਬਿਮਾਰੀ ਕਿਸੇ ਦੂਸਰੇ ਰੋਗਾਣੂ ਕਰਕੇ ਹੋ ਜਾਂਦੀ ਹੈ ਤਾਂ ਇਹ ਟੀਕੇ ਉਸ ਨੂੰ ਨਹੀਂ ਰੋਕ ਸਕਦੇ।

## ਮੈਨੂੰ ਆਪਣੇ ਬੱਚੇ ਨੂੰ ਐਚ ਆਈ ਬੀ (Hib) ਦੀ ਦਵਾਈ ਦੇ ਟੀਕੇ ਕਦੋਂ ਲਗਵਾਣੇ ਚਾਹੀਦੇ ਹਨ?

ਤੁਹਾਡੇ ਬੱਚੇ ਨੂੰ ਇਸ ਦਾ ਪਹਿਲਾ ਟੀਕਾ ੨ ਮਹੀਨੇ ਦੀ ਉਮਰ ਤੇ ਲਗਦਾ ਹੈ। ਉਸ ਤੋਂ ਬਾਦ ਤਿੰਨ ਹੋਰ ਟੀਕੇ - ੪ ਮਹੀਨੇ, ੬ ਮਹੀਨੇ ਅਤੇ ੧੮ ਮਹੀਨੇ ਦੀ ਉਮਰ ਵਿਚ ਲਗਵਾਣੇ ਚਾਹੀਦੇ ਹਨ। ਇਸ ਦਵਾਈ ਦੇ ਟੀਕੇ ਆਮ ਤੌਰ ਤੇ ਬੱਚਿਆਂ ਨੂੰ ਸੀ ਪੀ ਡੀ ਟੀ ਪੋਲਿਓ (cPDT Polio) ਨਾਲ ਮਿਲ ਕੇ ਲਗਾਏ ਜਾਂਦੇ ਹਨ। ਇਹ ਆਮ ਤੌਰ ਤੇ ਇੱਕਲੇ ਨਹੀਂ ਦਿਤੇ ਜਾਂਦੇ।

## ਜੇ ਮੇਰੇ ਬੱਚੇ ਨੂੰ ਕੋਈ ਟੀਕਾ ਵਕਤ ਨਾਲ ਨਹੀਂ ਲਗਵਾਇਆ ਜਾਂਦਾ ਤਾਂ ਕੀ ਹੋ ਸਕਦਾ ਹੈ?

ਜੇਕਰ ਕੋਈ ਟੀਕਾ ਵਕਤ ਨਾਲ ਨਹੀਂ ਲਗ ਸਕਦਾ ਤਾਂ ਉਸ ਤੋਂ ਅਗਲਾ ਟੀਕਾ ਜਿਨ੍ਹੀਂ ਛੇਤੀ ਹੋ ਸਕੇ ਲਗਵਾ ਲੈਣਾ ਚਾਹੀਦਾ ਹੈ। ਜੇਕਰ ੨ ਮਹੀਨੇ ਦੀ ਉਮਰ ਵਿਚ ਤੁਹਾਡੇ ਬੱਚੇ ਨੂੰ ਪਹਿਲਾ ਟੀਕਾ ਨਹੀਂ ਲਗ ਸਕਿਆ, ਤਾਂ ਤੁਹਾਡਾ ਡਾਕਟਰ ਇਕ ਵਿਸ਼ੇਸ਼ ਸੂਚੀ ਬਣਾ ਕੇ ਇਹ ਟੀਕੇ ਲਗਵਾਉਣ ਲਈ ਸਲਾਹ ਦੇ ਸਕਦਾ ਹੈ।

੧੫ ਮਹੀਨੇ ਤੋਂ ਪੰਜ ਸਾਲ ਤਕ ਦੀ ਉਮਰ ਦੇ ਜਿਨ੍ਹਾਂ ਬੱਚਿਆਂ ਨੂੰ ਕਦੀ ਵੀ ਟੀਕੇ ਨਹੀਂ ਲਗੇ, ਉਨ੍ਹਾਂ ਨੂੰ ਐਚ ਆਈ ਬੀ (Hib) ਦਾ ਕੇਵਲ ਇਕ ਟੀਕਾ ਅਤੇ ਫਿਰ ਸੀ ਪੀ ਡੀ ਟੀ ਪੋਲੀਓ (cPDT Polio) ਦੀ ਹੋਰ ਦਵਾਈ ਦੇਣੀ ਚਾਹੀਦੀ ਹੈ।। ਤੁਹਾਡਾ ਡਾਕਟਰ ਇਨ੍ਹਾਂ ਟੀਕਿਆਂ ਬਾਰੇ ਤੁਹਾਨੂੰ ਪੂਰੀ ਸਲਾਹ ਦੇ ਸਕਦਾ ਹੈ।

## ਕੀ ਇਹ ਐਚ ਆਈ ਬੀ (Hib) ਦੇ ਟੀਕੇ ਮੇਰੇ ਬੱਚੇ ਲਈ ਸੁਰੱਖਿਅਤ ਹਨ?

ਜੀ ਹਾਂ। ਕੁਝ ਬੱਚਿਆਂ ਨੂੰ ਇਸ ਨਾਲ ਟੀਕੇ ਲਗਣ ਵਾਲੀ ਥਾਂ ਤੇ ਦਰਦ, ਸੋਜ ਜਾਂ ਲਾਲੀ ਕੁਛ ਦਿਨ ਲਈ ਹੋ ਸਕਦੀ ਹੈ। ਬਹੁਤ ਥੋੜੇ ਬੱਚਿਆਂ ਨੂੰ ਹਲਕਾ ਬੁਖਾਰ, ਖ਼ਾਰਿਸ਼ ਜਾਂ ਧੱਫੜ ਹੋ ਸਕਦੇ ਹਨ। **ਕਿਸੇ ਵੀ ਦਵਾਈ ਦੇ ਲਾਭ ਅਤੇ ਨੁਕਸਾਨ ਕੀ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**

## ਮੈਂ ਆਪਣੇ ਡਾਕਟਰ ਨਾਲ ਕਦੋਂ ਸੰਪਰਕ ਕਰਾਂ?

ਜੇਕਰ ਟੀਕਾ ਲਗਵਾਉਣ ਤੋਂ ਬਾਦ ਤਿੰਨ ਦਿਨ ਦੇ ਵਿਚ ਤੁਹਾਡੇ ਬੱਚੇ ਨੂੰ ਹੇਠ ਲਿਖੇ ਵਿੱਚੋਂ ਕੋਈ ਅਸਰ ਰਹਿੰਦਾ ਹੈ, ਤਾਂ ਤੁਸੀਂ ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਤੇਜ਼ ਬੁਖਾਰ (੪੦ C ਜਾਂ ੧੦੪ F ਡਿਗਰੀ ਤੋਂ ਵੱਧ)

- ਮਰੋੜ ਜਾਂ ਦੌਰਾ ਪੈਣਾ
- ਬਹੁਤ ਪੀਲਾ ਰੰਗ ਜਾਂ ਬਹੁਤ ਊਂਘਣਾ (ਸੁਸਤੀ, ਬੇਸੁਰਤੀ)
- ਛਪਾਕੀ
- ਮੂੰਹ ਜਾਂ ਚੇਹਰੇ ਤੇ ਸੋਜ
- ਸਾਹ ਲੈਣ ਵਿਚ ਤਕਲੀਫ
- ਕੋਈ ਹੋਰ ਗੰਭੀਰ ਸਮੱਸਿਆ।

### ਐਚ ਆਈ ਬੀ (Hib) ਦਾ ਟੀਕਾ ਕਿਸ ਨੂੰ ਨਹੀਂ ਲਗਵਾਉਣਾ ਚਾਹੀਦਾ?

ਜੇਕਰ ਤੁਹਾਡੇ ਬੱਚੇ ਨੂੰ ਹੇਠ ਲਿਖੇ ਵਿੱਚੋਂ ਕੋਈ ਤਕਲੀਫ ਹੈ ਤਾਂ ਤੁਹਾਡਾ ਡਾਕਟਰ ਇਹ ਟੀਕੇ ਲਗਵਾਉਣ ਤੋਂ ਮਨ੍ਹਾਂ ਕਰ ਸਕਦਾ ਹੈ:

- ਤੇਜ਼ ਬੁਖਾਰ ਜਾਂ ਗੰਭੀਰ ਛੂਤ, ਜੋ ਜ਼ੁਕਾਮ ਤੋਂ ਫਰਕ ਹੈ
- ਇਸ ਦਵਾਈ ਨਾਲ ਇਕ ਗੰਭੀਰ ਅਲਰਜੀ ਜਿਸ ਨੂੰ ਐਨਾਫਿਲੈਕਸਿਸ (anaphylaxis) ਆਖਦੇ ਹਨ
- ਛੂਤ ਰੋਕਣ ਦੇ ਇਨ੍ਹਾਂ ਟੀਕਿਆਂ ਨਾਲ ਕੋਈ ਗੰਭੀਰ ਅਲਰਜੀ।

### ਜੇ ਮੈਨੂੰ ਐਚ ਆਈ ਬੀ (Hib) ਦੀ ਦਵਾਈ ਬਾਰੇ ਕੁਛ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਮੈਨੂੰ ਕਿਸ ਨਾਲ ਗਲ ਕਰਨੀ ਚਾਹੀਦੀ ਹੈ?

ਆਪਣੇ ਪਰਿਵਾਰਿਕ ਡਾਕਟਰ ਜਾਂ ਸਥਾਨਕ ਸੇਹਤ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਵਧੇਰੇ ਜਾਣਕਾਰੀ ਲਓ।

### ਇਨ੍ਹਾਂ ਟੀਕਿਆਂ ਦਾ ਰਿਕਾਰਡ

ਬਿਮਾਰੀਆਂ ਦੀ ਰੋਕਥਾਮ ਲਈ ਲਗਦੇ ਟੀਕਿਆਂ ਦਾ ਰਿਕਾਰਡ ਰਖਣ ਲਈ ਇਕ "ਪੀਲਾ ਕਾਰਡ" (Immunization Record Card) ਹੁੰਦਾ ਹੈ। ਜਦੋਂ ਵੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਨਵਾਂ ਟੀਕਾ ਲਗਦਾ ਹੈ ਤਾਂ ਉਹ ਇਸ ਕਾਰਡ ਤੇ ਦਰਜ ਕਰ ਦੇਣਾ ਚਾਹੀਦਾ ਹੈ, ਆਪਣੇ ਡਾਕਟਰ ਤੋਂ ਇਹ ਜ਼ਰੂਰ ਕਰਵਾਉ। ਜਦੋਂ ਤੁਸੀਂ ਬੱਚੇ ਨੂੰ ਸਕੂਲ ਵਿਚ ਦਾਖਿਲ ਕਰਵਾਉਣਾ ਹੈ ਤਾਂ ਤੁਹਾਡੇ ਸਥਾਨਕ ਸੇਹਤ ਵਿਭਾਗ ਨੂੰ ਇਸ ਰਿਕਾਰਡ ਦੀ ਲੋੜ ਪਵੇਗੀ। ਇਸ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਸੰਭਾਲ ਕੇ ਰਖੋ!